AS/2051 1067/MH Set I

# ਪੇਪਰ: ਪੰਜਾਬੀ ਲਾਜ਼ਮੀ

ਸਮਾਂ : 3 ਘੰਟੇ

ਕੁੱਲ ਅੰਕ: 75

## ਭਾਗ ੳ

1. ਹੇਠ ਲਿਖੀਆਂ ਵਿਚੋਂ ਕਿਸੇ ਇਕ ਨਿਬੰਧ ਦਾ ਸਾਰ ਜਾਂ ਵਿਸ਼ਾ-ਵਸਤੂ ਆਪਣੇ ਸ਼ਬਦਾਂ ਵਿਚ ਲਿਖੋ:
   (ੳ) ਨਿਰਾਸ਼ ਹੋਣਾ ਮਨ੍ਹਾਂ ਹੈ
   (ਅ) ਮੇਰੀ ਪੜ੍ਹਾਈ
   (ੲ) ਪਾਲਦੀ
   (12)

2. ਹੇਠ ਲਿਖਿਆਂ ਵਿਚੋਂ ਕਿਸੇ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:
   (ੳ) 'ਮੇਰੀ ਪੜ੍ਹਾਈ' ਲੇਖ ਦੇ ਲੇਖਕ ਨੂੰ ਇਲੈਕਟ੍ਰੀਕਲ ਇੰਜੀਨੀਅਰ ਵਿਚ ਦਾਖਲਾ ਲੈਣ ਸਮੇਂ ਕਿਹੜੀਆਂ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ?
   (ਅ) ਸੁਰਜੀਤ ਪਾਤਰ ਦਾ ਪੰਜਾਬੀ ਯੂਨੀਵਰਸਿਟੀ ਵਿਚ ਦਾਖਲਾ ਕਿਵੇਂ ਹੋਇਆ?
   (ੲ) ਇੰਗਲੈਂਡ ਅਤੇ ਕਨੇਡਾ ਵਿਚ ਕਬੱਡੀ ਦੇ ਕਿਹੋ ਜਿਹੇ ਮੈਚ ਹੁੰਦੇ ਹਨ?
   (ਸ) 'ਬਾਲੀਵੁੱਡ ਵਿਚ ਬੱਲੇ-ਬੱਲੇ' ਲੇਖ ਵਿਚ ਕਪੂਰ ਪਰਿਵਾਰ ਬਾਰੇ ਆਏ ਵਿਚਾਰਾਂ 'ਤੇ ਚਾਨਣਾ ਪਾਓ।
   (ਹ) 'ਪੰਜਾਬੀ ਲੋਕ ਗਾਇਕੀ ਦੇ ਚਾਰ ਥੰਮ' ਲੇਖ ਦੇ ਆਧਾਰ 'ਤੇ ਸੁਰਿੰਦਰ ਕੌਰ ਬਾਰੇ ਆਪਣੇ ਵਿਚਾਰ ਪੇਸ਼ ਕਰੋ।
   (2X6=12)

3. ਆਪਣੇ ਕਾਲਜ ਦੀਆਂ ਫੀਸਾਂ ਵਿਚ ਹੋਏ ਵਾਧੇ ਨੂੰ ਵਾਪਸ ਲੈਣ ਲਈ ਦੇ ਪ੍ਰਿੰਸੀਪਲ ਨੂੰ ਬੇਨਤੀ ਪੱਤਰ ਲਿਖੋ।

   ਜਾਂ

   ਆਪਣੇ ਇਲਾਕੇ ਦੇ ਐਮ.ਸੀ. ਨੂੰ ਆਪਣੇ ਇਲਾਕੇ ਦੀਆਂ ਗਲੀਆਂ ਵਿਚ ਰਾਤ ਸਮੇਂ ਹੋਣ ਵਾਲੇ ਹਨੇਰੇ ਬਾਰੇ ਜਾਣਕਾਰੀ ਦਿੰਦੇ ਹੋਏ ਇਕ ਬੇਨਤੀ ਪੱਤਰ ਰਾਹੀਂ ਸਟਰੀਟ ਲਾਈਟਾਂ ਲਾਉਣ ਲਈ ਕਹੋ।

   ਜਾਂ

   ਆਪਣੇ ਇਲਾਕੇ ਦੀ ਮਾਰਕੀਟ ਕਮੇਟੀ ਦੇ ਚੇਅਰਮੈਨ ਨੂੰ ਅਨਾਜ ਮੰਡੀ ਵਿਚ ਕਣਕ ਦੀ ਫਸਲ ਦੀ ਖਰੀਦ ਸ਼ੁਰੂ ਕਰਨ ਬਾਰੇ ਬਿਨੈ-ਪੱਤਰ ਲਿਖੋ।
   (9)

4. ਵਧੇਤਰ ਕੀ ਹੁੰਦੇ ਹਨ? ਪੰਜਾਬੀ ਦੇ ਵਧੇਤਰਾਂ ਦੀਆਂ ਕਿਸਮਾਂ 'ਤੇ ਵਿਸਥਾਰਪੂਰਵਕ ਨੋਟ ਲਿਖੋ।

   ਜਾਂ

   ਪੰਜਾਬੀ ਦੀਆਂ ਭਾਰਤ ਵਿਚ ਬੋਲੀਆਂ ਜਾਣ ਵਾਲੀਆਂ ਉਪ-ਬੋਲੀਆਂ 'ਤੇ ਨੋਟ ਲਿਖੋ।
   (12)

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:
   i. ਵੀਹਵੀਂ ਸਦੀ ਦਾ ਮਹਾਨ ਵਿਗਿਆਨੀ ਕਿਸ ਨੂੰ ਮੰਨਿਆ ਜਾਂਦਾ ਹੈ?
   ii. ਵਿਗਿਆਨੀਆਂ ਅਨੁਸਾਰ ਪ੍ਰਿਥਵੀ ਦੀ ਉਮਰ ਕਿੰਨੀ ਹੈ?
   iii. ਮਾਤਾ ਸਾਹਿਬ ਕੌਰ ਕੌਣ ਸਨ?
   iv. ਲੇਖਕ ਅਨੁਸਾਰ ਨਿਰਾਸ਼ ਹੋਣ ਦੇ ਕੋਈ ਦੋ ਕਾਰਨ ਦੱਸੋ।
   v. 'ਮੇਰੀ ਪੜ੍ਹਾਈ' ਦੇ ਲੇਖਕ ਨੇ ਆਪਣੇ ਸਮੇਂ ਦੇ ਕਿਹੜੇ ਛਾਈ ਇੰਜੀਨੀਅਰਿੰਗ ਕਾਲਜਾਂ ਦੀ ਗੱਲ ਕੀਤੀ ਹੈ?
   vi. ਪਟਿਆਲੇ ਦੇ ਭੂਤਵਾੜੇ ਬਾਰੇ ਚਾਰ ਸਤਰਾਂ ਲਿਖੋ।
   vii. ਕਬੱਡੀ ਦੀ ਕੁਮੈਂਟਰੀ ਕਰਨ ਵਾਲੇ ਕਿਸੇ ਦੋ ਵਿਅਕਤੀਆਂ ਦੇ ਨਾਮ ਦੱਸੋ?
   viii. ਪੰਜਾਬੀ ਗਾਇਕੀ ਦੇ ਚਾਰ ਥੰਮ੍ਹ ਕਿਹੜੇ ਕਿਹੜੇ ਹਨ?
   ix. ਪਾਕਿਸਤਾਨੀ ਪੰਜਾਬ ਵਿਚ ਬੋਲੀਆਂ ਜਾਣ ਵਾਲੀਆਂ ਪੰਜਾਬੀ ਦੀਆਂ ਉਪ-ਬੋਲੀਆਂ ਕਿਹੜੀਆਂ ਹਨ?
   x. 'ਦੁਰ' ਅਗੇਤਰ ਲਗਾ ਕੇ ਚਾਰ ਸ਼ਬਦ ਬਣਾਓ।
   xi. ਵਿਉਤਪਤ ਵਧੇਤਰ ਤੋਂ ਕੀ ਭਾਵ ਹੈ?
   xii. ਮਲਵਈ ਭਾਸ਼ਾ ਪੰਜਾਬ ਦੇ ਕਿਸ ਇਲਾਕੇ ਵਿਚ ਬੋਲੀ ਜਾਂਦੀ ਹੈ?
   xiii. ਪੰਜਾਬ ਦੇ ਦਫ਼ਤਰਾਂ ਵਿਚ ਵਰਤੀ ਜਾਣ ਵਾਲੀ ਪੰਜਾਬੀ ਦੀ ਕਿਹੜੀ ਉਪ-ਭਾਸ਼ਾ ਹੈ?
   xiv. ਮਧੇਤਰ ਕੀ ਹੁੰਦੇ ਹਨ?
   xv. ਭਾਸ਼ਾ ਅਤੇ ਉਪ-ਭਾਸ਼ਾ ਵਿਚ ਕੋਈ ਦੋ ਅੰਤਰ ਦੱਸੋ।
   (15X2=30)